BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਬਜ਼ੁਰਗਾਂ ਦੀ ਸਹਾਇਤਾ ਲਈ ਇੱਕ ਨਵੀਂ ਔਨਲਾਈਨ ਡਾਇਰੈਕਟਰੀ ਪੇਸ਼ ਕੀਤੀ ਹੈ

ਬ੍ਰੈਂਪਟਨ, ਓਨਟੈਰੀਓ (21 ਅਪ੍ਰੈਲ, 2022) – ਸਿਟੀ ਆਫ ਬ੍ਰੈਂਪਟਨ ਨੇ, ਬ੍ਰੈਂਪਟਨ ਦੇ ਉਮਰ-ਅਨੁਕੂਲਿਤ ਵਿਜਨ ਨੂੰ ਅੱਗੇ ਵਧਾਉਣ ਅਤੇ ਕਮਿਉਨਿਟੀ ਸਬੰਧਾਂ ਨੂੰ ਵੱਧ ਮਜ਼ਬੂਤ ਬਣਾਉਣ ਵਿੱਚ ਮਦਦ ਲਈ, ਇੱਕ ਨਵੇਂ ਔਨਲਾਈਨ ਵਸੀਲੇ ਦੀ ਸ਼ੁਰੂਆਤ ਕੀਤੀ ਹੈ। ਨਵੀਂ ਸੀਨੀਅਰਸ ਰਿਸੋਰਸ ਡਾਇਰੈਕਟਰੀ, ਬਜ਼ੁਰਗਾਂ ਅਤੇ ਦੇਖਭਾਲਕਰਤਾਵਾਂ ਲਈ ਵਸੀਲਿਆਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣ ਵਿੱਚ ਮਦਦ ਲਈ, ਇੱਕ ਔਨਲਾਈਨ ਟੂਲ ਹੈ।

ਡਾਇਰੈਕਟਰੀ ਵਿੱਚ ਉਪਲਬਧ ਕੁਝ ਵਸੀਲਿਆਂ ਵਿੱਚ ਸ਼ਾਮਲ ਹਨ:

- ਘਰੇਲੂ ਅਤੇ ਸਮਾਜਿਕ ਸਹਾਇਤਾ
- ਟ੍ਰਾਂਸਪੋਰਟੇਸ਼ਨ
- ਸਿਹਤ ਅਤੇ ਤੰਦਰੁਸਤੀ
- ਆਰਥਿਕ ਅਤੇ ਪਹੁੰਚਯੋਗਤਾ ਸਹਾਇਤਾ
- ਮਾਨਸਿਕ ਸਿਹਤ
- ਨਿਊਕਮਰ ਸਹਾਇਤਾ

ਮਾਰਚ 2021 ਵਿੱਚ, ਸਿਟੀ ਆਫ ਬ੍ਰੈਂਪਟਨ, ਵਰਲਡ ਹੈਲਥ ਓਰਗੇਨਾਈਜ਼ੇਸ਼ਨ (ਡਬਲਯੂ.ਐਚ.ਓ.) World Health Organization (WHO) ਦੇ ਗਲੋਬਲ ਨੈੱਟਵਰਕ ਫਾਰ ਏਜ-ਫ੍ਰੈਂਡਲੀ ਸਿਟੀਜ ਐਂਡ ਕਮਿਉਨਿਟੀਜ (Global Network for Age-friendly Cities and Communities) ਦੀ ਮੈਂਬਰ ਬਣੀ ਸੀ। ਇਸ ਨੈੱਟਵਰਕ ਦੇ ਮੈਂਬਰ, ਡਬਲਯੂ.ਐਚ.ਓ. ਦੇ ਉਮਰ-ਅਨੁਕੂਲਿਤ ਦ੍ਰਿਸ਼ਟੀਕੋਣ ਦੇ ਮੁੱਲਾਂ ਅਤੇ ਸਿਧਾਂਤਾਂ ਨੂੰ ਸਾਂਝਾ ਅਤੇ ਉਹਨਾਂ ਦਾ ਪ੍ਰਚਾਰ ਕਰਦੇ ਹਨ, ਉਮਰ-ਅਨੁਕੂਲਿਤ ਵਾਤਾਵਰਣ ਪੈਦਾ ਕਰਨ ਲਈ ਵਚਨਬੱਧਤਾ ਨਿਭਾਉਂਦੇ ਹਨ ਅਤੇ ਨੈੱਟਵਰਕ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਸਹਿਮਤੀ ਦਿੰਦੇ ਹਨ।

ਸੀਨੀਅਰਸ ਰਿਸੋਰਸ ਡਾਇਰੈਕਟਰੀ, ਬ੍ਰੈਂਪਟਨ ਦੀ ਬਜ਼ੁਰਗ ਅਬਾਦੀ ਨੂੰ ਸਮਾਜਿਕ ਭਾਗੀਦਾਰੀ ਲਈ ਉਤਸ਼ਾਹਿਤ ਕਰੇਗੀ, ਸਮਾਜਿਕ ਅੱਡਰੇਪਣ (ਆਈਸੋਲੇਸ਼ਨ) ਦੀ ਪਛਾਣ ਕਰੇਗੀ ਅਤੇ ਜਾਣਕਾਰੀ ਅਤੇ ਸੰਚਾਰ ਪ੍ਰਦਾਨ ਕਰੇਗੀ। ਨਾਲ ਹੀ ਇਹ, ਬ੍ਰੈਂਪਟਨ ਦੇ ਏਜ-ਫ੍ਰੈਂਡਲੀ ਸਟ੍ਰੈਟਜੀ ਐਂਡ ਐਕਸ਼ਨ ਪਲਾਨ (Age-Friendly Strategy and Action Plan) ਵਿੱਚ ਦਿੱਤੀਆਂ ਸਾਰੀਆਂ ਆਈਟਮਾਂ ਲਈ ਵਸੀਲੇ ਪ੍ਰਦਾਨ ਕਰਕੇ, ਬਜ਼ੁਰਗਾਂ ਦੀ ਹਿਮਾਇਤ ਵਿੱਚ ਮਦਦ ਕਰਦੀ ਹੈ।

ਸਿਟੀ ਆਫ ਬ੍ਰੈਂਪਟਨ ਨੂੰ, ਸਫਲਤਾਪੂਰਬਕ ਡਾਇਰੈਕਟਰੀ ਬਣਾਉਣ ਵਿੱਚ ਸਹਾਇਤਾ ਲਈ, ਕੈਨੇਡਾ ਸਰਕਾਰ ਦੇ ਨਿਊ ਹੋਰੀਜ਼ੋਨਸ ਫਾਰ ਸੀਨੀਅਰਸ (New Horizons for Seniors) ਪ੍ਰੋਗਰਾਮ ਤੋਂ, 20,575 ਡਾਲਰ ਦੀ ਗ੍ਰਾਂਟ ਫੰਡਿੰਗ ਮਿਲੀ ਹੈ।

ਉਸ ਸਮੇਂ, ਜਦੋਂ ਕਮਿਉਨਿਟੀ ਕੋਵਿਡ-19 (COVID-19) ਮਹਾਂਮਾਰੀ ਦੇ ਅਸਰਾਂ ਤੋਂ ਲਗਾਤਾਰ ਬਾਹਰ ਨਿੱਕਲ ਰਹੀ ਹੈ, ਨਵੀਂ ਸੀਨੀਅਰਸ ਰਿਸੋਰਸ

ਡਾਇਰੈਕਟਰੀ, ਬ੍ਰੈਂਪਟਨ ਦੇ ਬਜ਼ੁਰਗਾਂ ਲਈ ਸਬੰਧਾਂ ਨੂੰ ਮਜ਼ਬੂਤ ਬਣਾਉਣ ਅਤੇ ਸਮਾਜਿਕ ਸ਼ਮੂਲੀਅਤ ਦੇ ਮੌਕਿਆਂ ਵਿੱਚ ਸਹਾਇਤਾ ਕਰੇਗੀ। ਨਾਲ ਹੀ, ਇਹ ਉਹਨਾਂ ਨੂੰ, ਉਪਲਬਧ ਸਹਾਇਤਾ ਸੇਵਾਵਾਂ ਅਤੇ ਕਮਿਉਨਿਟੀ ਸਬੰਧੀ ਮਹੱਤਵਪੂਰਣ ਸੰਪਰਕਾਂ ਬਾਰੇ ਜਾਣਕਾਰੀ ਤੱਕ ਅਸਾਨ ਪਹੁੰਚ ਪ੍ਰਦਾਨ ਕਰੇਗੀ, ।

ਸੀਨੀਅਰਸ ਰਿਸੋਰਸ ਡਾਇਰੈਕਟਰੀ ਬਾਰੇ ਹੋਰ ਜਾਣਕਾਰੀ ਲਈ, brampton.ca/agefriendly ਤੇ ਜਾਓ।

ਜੋ ਨਿਵਾਸੀ, ਡਾਇਰੈਕਟਰੀ ਵਿਚਲੀ ਕੋਈ ਵੀ ਜਾਣਕਾਰੀ ਕਿਸੇ ਹੋਰ ਫੌਰਮੈਟ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ agefriendly@brampton.ca ਤੇ ਈਮੇਲ ਭੇਜ ਸਕਦੇ ਹਨ।

**ਹਵਾਲੇ**

“2006 ਵਿੱਚ, ਬ੍ਰੈਂਪਟਨ 65 ਸਾਲ ਅਤੇ ਇਸਤੋਂ ਵੱਧ ਉਮਰ ਦੇ ਲਗਭਗ 34,000 ਬਜ਼ੁਰਗਾਂ ਦਾ ਘਰ ਸੀ। 2016 ਤੱਕ, ਇਹ ਸੰਖਿਆ ਵਧ ਕੇ 66,000 ਹੋ ਗਈ। ਬ੍ਰੈਂਪਟਨ ਵਿੱਚ ਬਹੁਤ ਹੀ ਸ਼ਾਨਦਾਰ ਬਜ਼ੁਰਗ ਹਨ, ਜਿਹਨਾਂ ਦੇ ਯੋਗਦਾਨ ਸਾਡੇ ਸ਼ਹਿਰ ਨੂੰ ਲਗਾਤਾਰ ਮਜ਼ਬੂਤ ਬਣਾਉਂਦੇ ਹਨ। ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਨਾਲ ਸ਼ਾਮਲ ਹੋਣ ਅਤੇ ਸਾਡੇ ਬਜ਼ੁਰਗਾਂ ਦੀਆਂ ਜ਼ਿੰਦਗੀਆਂ ਵਿੱਚ ਸੁਧਾਰ ਕਰਨ ਲਈ ਵਚਨਬੱਧ ਹੈ। ਨਵੀਂ ਸੀਨੀਅਰਸ ਰਿਸੋਰਸ ਡਾਇਰੈਕਟਰੀ, ਸਾਡੀ ਬਜ਼ੁਰਗ ਅਬਾਦੀ ਨੂੰ ਮਹੱਤਵਪੂਰਣ ਸਬੰਧ ਬਣਾਉਣ ਅਤੇ ਵਧਣ-ਫੁੱਲਣ ਵਾਸਤੇ ਲੋੜੀਂਦੇ ਸਾਧਨ ਪ੍ਰਦਾਨ ਕਰੇਗੀ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ; ਅਜਿਹਾ ਸ਼ਹਿਰ, ਜਿੱਥੇ ਸਾਡੇ ਬਜ਼ੁਰਗਾਂ ਦੀ ਕਦਰ ਹੁੰਦੀ ਹੈ, ਉਹਨਾਂ ਦੀ ਹਿਮਾਇਤ ਕੀਤੀ ਜਾਂਦੀ ਹੈ ਅਤੇ ਉਹ ਕਮਿਉਨਿਟੀ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ। ਵਿਆਪਕ ਕਮਿਉਨਿਟੀ ਸ਼ਮੂਲੀਅਤ ਰਾਹੀਂ, ਅਸੀਂ ਸਾਡੇ ਬਜ਼ੁਰਗਾਂ ਨੂੰ ਬ੍ਰੈਂਪਟਨ-ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨ ਲਈ ਨਵੀਂ ਸੀਨੀਅਰਸ ਰਿਸੋਰਸ ਡਾਇਰੈਕਟਰੀ ਬਣਾਈ ਹੈ, ਜਦੋਂ ਕਿ ਅਸੀਂ ਲਗਾਤਾਰ ਹਰੇਕ ਲਈ ਇੱਕ ਬਿਹਤਰ ਬ੍ਰੈਂਪਟਨ ਬਣਾ ਰਹੇ ਹਾਂ।”

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

“2006 ਅਤੇ 2016 ਦੇ ਵਿਚਕਾਰ, ਬ੍ਰੈਂਪਟਨ ਦੀ ਬਜ਼ੁਰਗ ਅਬਾਦੀ 196 ਪ੍ਰਤੀਸ਼ਤ ਤੱਕ ਵਧ ਗਈ ਅਤੇ ਇਹ ਵਾਧਾ ਜਾਰੀ ਹੈ। ਸਿਟੀ ਆਫ ਬ੍ਰੈਂਪਟਨ, ਉਮਰ-ਅਨੁਕੂਲਿਤ ਸ਼ਹਿਰ ਬਣਾਉਣ ਅਤੇ ਅਜਿਹੇ ਟੂਲਸ ਅਤੇ ਵਸੀਲੇ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਹਨਾਂ ਦੀ ਸਾਡੀ ਬਜ਼ੁਰਗ ਅਬਾਦੀ ਨੂੰ ਆਪਣੇ ਬੁਢਾਪੇ ਵਿੱਚ ਸੰਪੰਨ ਹੋਣ ਲਈ ਲੋੜ ਹੈ।”

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ

**BRAMPTON**

**Media Release**

ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca